**ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ**
**ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ,ਪੰਜਾਬ,**
**ਐਸ. ਸੀ. ਓ ਨੰ. 104-106, ਸੈਕਟਰ 34 ਏ, ਚੰਡੀਗੜ੍ਹ**

ਵੱਲ :

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.), ਪੰਜਾਬ
ਸਮੂਹ ਮਿਡਲ, ਹਾਈ, ਸੀਨੀਅਰ ਸੈਕੰਡਰੀ ਸਕੂਲ ਮੁਖੀ, ਪੰਜਾਬ

ਮੀਮੋ ਨੰ :- ਸਸਅ/2012/ਐਮ.ਆਈ.ਐਸ./ਈ-ਪੰਜਾਬ/ ੮੧੫੦੮
ਮਿਤੀ : ਚੰਡੀਗੜ੍ਹ 27 ਨਵੰਬਰ, 2012

**ਵਿਸ਼ਾ : www.epunjabschool.gov.in ਉੱਤੇ ਡਾਟਾ ਐਂਟਰੀ ਮੁਕੰਮਲ ਕਰਨ ਸਬੰਧੀ।**

1) ਇਹ ਯਾਦ ਪੱਤਰ ਇਸ ਦਫਤਰ ਵਲੋਂ ਜਾਰੀ ਪੱਤਰ ਨੰ : ਸਸਅ/2012/ਐਮ.ਆਈ.ਐਸ./ਈ-ਪੰਜਾਬ/88860 ਮਿਤੀ 20-11-12 ਦੀ ਲਗਾਤਾਰਤਾ ਵਿਚ ਜਾਰੀ ਕੀਤਾ ਜਾ ਰਿਹਾ ਹੈ।

2) ਸਿੱਖਿਆ ਵਿਭਾਗ, ਪੰਜਾਬ ਵਲੋਂ ਵਿਦਿਆਰਥੀਆਂ, ਅਧਿਆਪਕਾਂ ਅਤੇ ਸਕੂਲ ਦੇ ਬੁਨਿਆਦੀ ਢਾਂਚੇ ਆਦਿ ਸਬੰਧੀ ਜਾਣਕਾਰੀ ਨੂੰ ਆਨਲਾਈਨ ਕਰਨ ਲਈ www.epunjabschool.gov.in ਨਾਂ ਦਾ ਵੈਬ-ਪੋਰਟਲ ਬਣਾਇਆ ਗਿਆ ਹੈ। ਇਸ ਪੋਰਟਲ ਅਧੀਨ ਹਰ ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲ ਨੂੰ Login ID ਅਤੇ password ਜਿਲ੍ਹਾ ਐਮ.ਆਈ.ਐਸ. ਕੁਆਰਡੀਨੇਟਰ ਵਲੋਂ ਮੁਹਈਆ ਕਰਵਾਇਆ ਜਾ ਚੁੱਕਾ ਹੈ।

3) ਇਸ ਵੈਬ-ਪੋਰਟਲ ਦੀ ਮੋਨੀਟਰਿੰਗ ਜਿਲ੍ਹਾ ਅਤੇ ਬਲਾਕ ਐਮ.ਆਈ.ਐਸ. ਕੁਆਰਡੀਨੇਟਰਾਂ ਵਲੋਂ ਕੀਤੀ ਜਾ ਰਹੀ ਹੈ ਅਤੇ ਸਕੂਲਾਂ ਨੂੰ ਆਉਣ ਵਾਲੀਆਂ ਤਕਨੀਕੀ ਮੁਸ਼ਕਿਲਾਂ ਵੀ ਇਨ੍ਹਾਂ ਐਮ.ਆਈ.ਐਸ. ਕੁਆਰਡੀਨੇਟਰਾਂ ਵਲੋਂ ਹੀ ਦੂਰ ਕੀਤੀਆਂ ਜਾਂਦੀਆਂ ਹਨ।

4) ਸਮੂਹ ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਨੂੰ ਵਿਦਿਆਰਥੀਆਂ ਅਤੇ ਅਧਿਆਪਕਾਂ ਸਬੰਧੀ ਜਾਣਕਾਰੀ ਇਸ ਵੈਬ-ਪੋਰਟਲ ਉੱਤੇ ਦਰਜ ਕਰਨ ਲਈ ਬਾਰ-ਬਾਰ ਐਮ.ਆਈ.ਐਸ. ਕੁਆਰਡੀਨੇਟਰਾਂ ਵਲੋਂ ਕਿਹਾ ਗਿਆ ਹੈ। ਪਰ ਬਹੁਤ ਸਾਰੇ ਸਕੂਲਾਂ ਵਲੋਂ ਅਜੇ ਤੱਕ ਵੀ ਪੂਰੀ ਅਤੇ ਸਹੀ ਜਾਣਕਾਰੀ ਦਰਜ ਨਹੀਂ ਕੀਤੀ ਗਈ ਹੈ।

5) ਇਸ ਵੈਬ-ਪੋਰਟਲ ਅਧੀਨ ਸਕੂਲਾਂ ਵਲੋਂ ਦਰਜ ਕੀਤੀ ਜਾਣਕਾਰੀ ਤੋਂ ਤਿਆਰ ਕੀਤੀਆਂ ਗਈਆਂ ਰਿਪੋਰਟਾਂ ਵਿਚ ਇਹ ਪਾਇਆ ਗਿਆ ਹੈ ਕਿ ਬਹੁਤ ਸਾਰੇ ਸਕੂਲਾਂ ਵਲੋਂ ਵਿਦਿਆਰਥੀਆਂ ਦੀ ਗਿਣਤੀ ਠੀਕ ਦਰਜ ਨਹੀਂ ਕੀਤੀ ਗਈ, ਅਧਿਆਪਕਾਂ ਦੇ ਅਹੁਦੇ ਜਾਂ ਵਿਸ਼ੇ ਆਦਿ ਸਬੰਧੀ ਗਲਤ ਜਾਣਕਾਰੀ ਦਰਜ ਕੀਤੀ ਗਈ ਹੈ।

6) ਇਸ ਪੱਤਰ ਰਾਹੀਂ ਸਮੂਹ ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲ ਮੁਖੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਆਪਣੇ ਸਕੂਲ ਸਬੰਧੀ ਜਾਣਕਾਰੀ ਨੂੰ ਵੈਬ-ਪੋਰਟਲ ਉੱਤੇ ਚੰਗੀ ਤਰ੍ਹਾਂ ਚੈਕ ਕਰਨ ਉਪਰੰਤ ਆਪਣੀ ਨਿਗਰਾਨੀ ਹੇਠ ਅਪਰੂਵ ਕਰਵਾਉਣ। ਇਸ ਕੰਮ ਲਈ ਸਕੂਲਾਂ ਵਲੋਂ ਪਹਿਲਾਂ ਤੋਂ ਦਰਜ ਆਂਕੜਿਆਂ ਨੂੰ ਅਨਲਾਕ (unlock) ਕਰ ਦਿੱਤਾ ਗਿਆ ਹੈ ਅਤੇ ਇਸ ਕੰਮ ਲਈ ਸਕੂਲਾਂ ਨੂੰ ਮਿਤੀ 30-11-2012 ਤੱਕ ਦਾ ਸਮਾਂ ਦਿੱਤਾ ਜਾ ਰਿਹਾ ਹੈ।

7) ਮਿਤੀ 30-11-12 ਤੱਕ ਹਰ ਸਕੂਲ ਮੁਖੀ ਆਪਣੀ ਨਿਗਰਾਨੀ ਹੇਠ ਸਕੂਲ ਸਬੰਧੀ ਮੰਗੀ ਗਈ ਜਾਣਕਾਰੀ ਸਹੀ ਅਤੇ ਰਿਕਾਰਡ ਅਨੁਸਾਰ ਦਰਜ ਕਰਵਾਉਣ। ਮਿੱਥੀ ਮਿਤੀ ਤੱਕ ਜਾਣਕਾਰੀ ਦਰਜ ਨਾ ਕਰਨ ਅਤੇ ਗਲਤ ਜਾਣਕਾਰੀ ਭਰਨ ਵਾਲੇ ਸਕੂਲ ਮੁਖੀਆਂ ਵਿਰੁੱਧ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਵੇਗੀ।

8) ਕਿਸੇ ਕਿਸਮ ਦੀ ਜਾਣਕਾਰੀ ਜਾਂ ਤਕਨੀਕੀ ਮੁਸ਼ਕਿਲ ਲਈ ਸਬੰਧਤ ਜਿਲ੍ਹੇ ਜਾਂ ਬਲਾਕ ਦੇ ਐਮ.ਆਈ.ਐਸ. ਕੁਆਰਡੀਨੇਟਰ ਨਾਲ ਗੱਲਬਾਤ ਕੀਤੀ ਜਾਵੇ। ਜਿਲ੍ਹਾ ਐਮ.ਆਈ.ਐਸ. ਕੁਆਰਡੀਨੇਟਰਾਂ ਦੇ ਨੰਬਰ ਅਨੁਲੱਗ "ੳ" ਉੱਤੇ ਉਪਲਬਧ ਹਨ।

**ਸਕੱਤਰ- ਕਮ - ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ**

**ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਜਾਣਕਾਰੀ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ :-**

1) **ਜਿਲ੍ਹਾ ਐਮ.ਆਈ.ਐਸ. ਕੁਆਰਡੀਨੇਟਰ, ਪੰਜਾਬ**
2) **ਜਿਲ੍ਹਾ ਆਈ.ਸੀ.ਟੀ. ਕੁਆਰਡੀਨੇਟਰ, ਪੰਜਾਬ**